# ਤੱਥ ਸ਼ੀਟ: ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਬਾਰੇ ਜਾਣਨਾ

- ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਨੂੰ ਵੱਖ-ਵੱਖ ਹਿਤਧਾਰਕਾਂ ਵਿਚਕਾਰ ਦੋ ਸਾਲ ਤੱਕ ਚੱਲੇ ਵਿਚਾਰ-ਵਟਾਂਦਰਿਆਂ ਅਤੇ ਗੱਲਬਾਤ ਤੋਂ ਬਾਅਦ ਅਕਤੂਬਰ 2008 ਵਿੱਚ ਸ਼ੁਰੂ ਕੀਤਾ ਗਿਆ ਸੀ।
- ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) 60 ਤੋਂ ਵੱਧ ਸੂਚਨਾ ਅਤੇ ਸੰਚਾਰ ਤਕਨਾਲੌਜੀ (ICT) ਕੰਪਨੀਆਂ, ਸਿਵਿਲ ਸੁਸਾਇਟੀ ਜੱਥੇਬੰਦੀਆਂ (CSOs) (ਇਸ ਵਿੱਚ ਮਨੁੱਖੀ ਹੱਕਾਂ ਅਤੇ ਪ੍ਰੈਸ ਦੀ ਅਜ਼ਾਦੀ ਸਬੰਧੀ ਸਮੂਹ ਸ਼ਾਮਿਲ ਹਨ), ਪੂੰਜੀਕਾਰਾਂ ਅਤੇ ਅਕਾਦਮਿਕਾਂ ਦਾ ਗਠਜੋੜ ਹੈ।
- ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਵਾੱਸ਼ਿੰਗਟਨ D.C. ਅਤੇ ਐਮਸਟਰਡਮ ਅਧਾਰਿਤ ਹੈ ਅਤੇ ਨਿਊ ਯਾੱਰਕ ਸ਼ਹਿਰ ਵਿੱਚ ਵੀ ਟੀਮ ਦੇ ਮੈਂਬਰਾਂ ਨਾਲ ਸਥਿਤ ਹੈ।

## ਮਿਸ਼ਨ

ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦਾ ਮਿਸ਼ਨ ਇੱਕ ਜ਼ਿੰਮੇਵਾਰ ਕੰਪਨੀ ਵਜੋਂ ਫ਼ੈਸਲੇ ਕਰਨ ਅਤੇ ਸਰਕਾਰੀ ਪਾਬੰਦੀਆਂ ਅਤੇ ਮੰਗਾਂ ਦਾ ਸਾਹਮਣਾ ਕਰਨ ਲਈ ਇੱਕ ਬਹੁ-ਹਿਤਧਾਰਕ ਅਵਾਜ਼ ਬਣਕੇ ਕਾਰਜ ਕਰਨ ਲਈ ਇੱਕ ਆਲਮੀ ਮਿਆਰ ਸਥਾਪਿਤ ਕਰਕੇ ਸੂਚਨਾ ਅਤੇ ਸੰਚਾਰ ਤਕਨਾਲੌਜੀ (ICT) ਸਨਅੱਤ ਵਿੱਚ ਪ੍ਰਗਟਾਵੇ ਦੀ ਅਜ਼ਾਦੀ ਅਤੇ ਰਾਜ਼ਦਾਰੀ ਦੇ ਹੱਕਾਂ ਦੀ ਰਾਖੀ ਕਰਨਾ ਅਤੇ ਉਹਨਾਂ ਨੂੰ ਅੱਗੇ ਵਧਾਉਣਾ ਹੈ।

ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਆਪਣੇ ਅਧਿਕਾਰ ਵਾਲੇ ਢਾਂਚੇ ਦੀ ਸੇਧ ਅਤੇ ਕਾਰਵਾਈਆਂ ਹੇਠ ਚਾਰ ਅਹਿਮ ਥੰਮਾਂ ਰਾਹੀਂ ਆਪਣਾ ਮਿਸ਼ਨ ਲਾਗੂ ਕਰਦੀ ਹੈ। ਇਹ ਚਾਰ ਅਹਿਮ ਥੰਮ ਹਨ:

1. ਜ਼ਿੰਮੇਵਾਰ ਫ਼ੈਸਲੇ ਕਰਨ ਲਈ ਇੱਕ ਯੋਜਨਾ ਮੁਹੱਈਆ ਕਰਨੀ
2. ਭਰੋਸਾ ਸਿਰਜਣ ਲਈ ਜਵਾਬਦੇਹੀ ਤਿਆਰ ਕਰਨੀ
3. ਮਨੁੱਖੀ ਹੱਕਾਂ ਨੂੰ ਉਤਸਾਹ ਦੇਣ ਲਈ ਪਾੱਲਿਸੀ ਨੂੰ ਅਖ਼ਤਿਆਰ ਦੇਣਾ
4. ਬਿਹਤਰੀਨ ਢੰਗ-ਤਰੀਕੇ ਤਿਆਰ ਕਰਨ ਲਈ ਸਿਖਲਾਈ ਨੂੰ ਸਮਰੱਥ ਬਣਾਉਣਾ

## ਗਵਰਨੈਂਸ

ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦਾ ਗਵਰਨੈਂਸ ਚਾਰਟਰ ਹਿੱਸਾ ਲੈਣ ਵਾਲਿਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਤ ਕਰਦਾ ਹੈ। ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦਾ ਕਾਰਜਕਾਰੀ ਡਾਇਰੈਕਟਰ ਅਤੇ ਥੋੜ੍ਹਾ ਜਿਹਾ ਸਟਾਫ਼ ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦੀਆਂ ਰੋਜ਼ਾਨਾ ਦੀਆਂ ਸਰਗਰਮੀਆਂ ਦਾ ਪ੍ਰਬੰਧ ਕਰਦਾ ਹੈ ਅਤੇ ਇੱਕ ਸੁਤੰਤਰ ਚੇਅਰਮੈਨ ਡਾਇਰੈਕਟਰਾਂ ਦੇ ਬੋਰਡ ਦੀ ਅਗਵਾਈ ਕਰਦਾ ਹੈ, ਜਿਸ ਵਿੱਚ ਕੰਪਨੀ ਅਤੇ ਕੰਪਨੀ ਤੋਂ ਬਾਹਰੀ ਨੁਮਾਇੰਦਿਆਂ ਦੀ ਬਰਾਬਰ ਦੀ ਤਦਾਦ ਹੁੰਦੀ ਹੈ। ਅਮਰੀਕੀ ਕਾਨੂੰਨ ਹੇਠ ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਮੁਨਾਫ਼ਾ ਨਾ ਕਮਾਉਣ ਵਾਲੀ ਜੱਥੇਬੰਦੀ ਵਜੋਂ ਰਜਿਸਟਰਡ ਹੈ

## ਮੈਂਬਰ

ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦੀ ਵਧ ਰਹੀ ਮੈਂਬਰਸ਼ਿਪ ਵਿੱਚ ਆਗੂ ਸੂਚਨਾ ਅਤੇ ਸੰਚਾਰ ਤਕਨਾਲੌਜੀ (ICT) ਕੰਪਨੀਆਂ, ਸਿਵਿਲ ਸੁਸਾਇਟੀ ਜੱਥੇਬੰਦੀਆਂ, ਅਕਾਦਮਿਕ ਅਤੇ ਅਕਾਦਮਿਕ ਸੰਸਥਾਵਾਂ ਅਤੇ ਅਫ਼ਰੀਕਾ, ਏਸ਼ੀਆ, ਯੋਰੁਪ, ਲਾਤੀਨੀ ਅਮਰੀਕਾ, ਉੱਤਰੀ ਅਮਰੀਕਾ ਅਤੇ ਮਿਡਲ ਈਸਟ ਤੋਂ ਪੂੰਜੀਕਾਰ ਸ਼ਾਮਿਲ ਹਨ।

ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਵਿੱਚ ਹਿੱਸਾ ਲੈਣ ਵਾਲਿਆਂ ਵਿਚਕਾਰ ਮਿਲ-ਜੁਲਕੇ ਸਿੱਖਣ, ਜਵਾਬਦੇਹੀ ਅਤੇ ਸਮੂਹਕ ਕਾਰਵਾਈ ਵਿੱਚ ਯੋਗਦਾਨ ਪਾਉਂਦਿਆਂ ਹੋਇਆਂ, ਸਾਰੇ ਮੈਂਬਰ ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਸਿਧਾਂਤਾਂ ਅਤੇ ਮੂਲ ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦਸਤਾਵੇਜ਼ਾਂ ਲਈ ਵਚਨਬੱਧਤਾ ਸਾਂਝੀ ਕਰਦੇ ਹਨ।

## ਲਿੰਕ

- ਮੂਲ ਵਚਨਬੱਧਤਾ
  - ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦੇ ਸਿਧਾਂਤ
  - ਸੇਧਾਂ ਲਾਗੂ ਕਰਨੀਆਂ
  - ਜਵਾਬਦੇਹੀ, ਪਾੱਲਿਸੀ ਅਤੇ ਸਿਖਣ ਸਬੰਧੀ ਯੋਜਨਾ
  - ਗਵਰਨੈਂਸ ਚਾਰਟਰ
- ਡਾਇਰੈਕਟਰਾਂ ਦਾ ਬੋਰਡ
- ਮੈਂਬਰਾਂ ਦੀ ਸੂਚੀ
- ਕੰਪਨੀ ਦੇ ਮੁਲਾਂਕਣ
  - ਮੁਲਾਂਕਣ ਟੂਲਕਿਟ
  - 2018/19 ਲੋਕਾਂ ਸਬੰਧੀ ਮੁਲਾਂਕਣ ਰਿਪੋਰਟ
- ਸਲਾਨਾ ਰਿਪੋਰਟਾਂ
- ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦੀ ਦੱਸ-ਸਾਲਾ ਵਰ੍ਹੇਗੰਢ
- ਤਿਮਾਹੀ ਈਮੇਲ ਨੂੰ ਅਪਡੇਟ ਕਰਨ ਲਈ ਸਾਈਨ ਅਪ ਕਰਨਾ

GLOBAL NETWORK INITIATIVE

# ਮੂਲ ਵਚਨਬੱਧਤਾ ਅਤੇ ਯੋਜਨਾ

- ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦੇ ਸਿਧਾਂਤ ਪ੍ਰਗਟਾਵੇ ਦੀ ਅਜ਼ਾਦੀ ਅਤੇ ਰਾਜ਼ਦਾਰੀ ਲਈ ਵਰਤੋਂ ਕਰਨ ਵਾਲਿਆਂ ਦੇ ਹੱਕਾਂ ਦੀ ਤਰੱਕੀ ਵਿੱਚ ਸਹਿਯੋਗ ਕਰਨ ਲਈ ਮੈਂਬਰਾਂ ਦੀ ਵਿਆਪਕ ਵਚਨਬੱਧਤਾ ਬਾਰੇ ਦੱਸਦੇ ਹਨ। ਇਹ ਸਿਧਾਂਤ ਸੂਚਨਾ ਅਤੇ ਸੰਚਾਰ ਤਕਨਾਲੌਜੀ (ICT) ਸਨਅੱਤ ਨੂੰ ਉੱਚ-ਪੱਧਰੀ ਸੇਧ ਮੁਹੱਈਆ ਕਰਦੇ ਹਨ ਕਿ ਉਹ ਪ੍ਰਗਟਾਵੇ ਦੀ ਅਜ਼ਾਦੀ ਅਤੇ ਰਾਜ਼ਦਾਰੀ ਲਈ ਵਰਤੋਂ ਕਰਨ ਵਾਲੇ ਦੇ ਹੱਕਾਂ ਦਾ ਕਿਵੇਂ ਸਤਿਕਾਰ ਕਰਨ, ਰਾਖੀ ਕਰਨ ਅਤੇ ਅੱਗੇ ਵਧਾਉਣ, ਇਸ ਵਿੱਚ ਸੈਂਸਰਸ਼ਿਪ ਅਤੇ ਵਰਤੋਂ ਕਰਨ ਵਾਲੇ ਦੀ ਨਿਜੀ ਜਾਣਕਾਰੀ ਦਾ ਖ਼ੁਲਾਸਾ ਕਰਨ ਲਈ ਸਰਕਾਰ ਦੀਆਂ ਮੰਗਾਂ ਦਾ ਸਾਹਮਣਾ ਕਰਨਾ ਸ਼ਾਮਿਲ ਹੁੰਦਾ ਹੈ।

- ਲਾਗੂ ਕੀਤੀਆਂ ਗਈਆਂ ਸੇਧਾਂ ਸਿਧਾਂਤਾਂ ਨੂੰ ਅਮਲ ਵਿੱਚ ਕਿਵੇਂ ਲਿਆਂਦਾ ਜਾਏ, ਬਾਰੇ ਸੂਚਨਾ ਅਤੇ ਸੰਚਾਰ ਤਕਨਾਲੌਜੀ (ICT) T ਕੰਪਨੀਆਂ ਨੂੰ ਹੋਰ ਵਿਆਪਕ ਸੇਧਾਂ ਦਿੰਦੀਆਂ ਹਨ ਅਤੇ ਇਸਦੇ ਨਾਲ ਹੀ ਕੰਪਨੀਆਂ, ਸਿਵਿਲ ਸੁਸਾਇਟੀ ਜੱਥੇਬੰਦੀਆਂ (CSOs), ਪੂੰਜੀਕਾਰਾਂ ਅਤੇ ਅਕਾਦਮਿਕਾਂ ਵਿਚਕਾਰ ਸਹਿਯੋਗ ਲਈ ਯੋਜਨਾ ਵੀ ਮੁਹੱਈਆ ਕੀਤੀ ਜਾਂਦੀ ਹੈ।

- ਇਹ ਸਿਧਾਂਤ ਅਤੇ ਲਾਗੂ ਕੀਤੀਆਂ ਗਈਆਂ ਸੇਧਾਂ ਅੰਤਰਰਾਸ਼ਟਰੀ ਮਨੁੱਖੀ ਹੱਕਾਂ ਬਾਰੇ ਕਾਨੂੰਨ 'ਤੇ ਅਧਾਰਿਤ ਹੁੰਦੇ ਹਨ ਅਤੇ ਇਹਨਾਂ ਬਾਰੇ ਕਾਰੋਬਾਰ ਅਤੇ ਮਨੁੱਖੀ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੀ ਅਗਵਾਈ ਵਾਲੇ ਸਿਧਾਂਤਾਂ (UNGPs) ਰਾਹੀਂ ਦੱਸਿਆ ਜਾਂਦਾ ਹੈ।

## ਜਵਾਬਦੇਹੀ

ਕੰਪਨੀ ਦੇ ਸਿਧਾਂਤਾਂ ਦੀ ਪਾਲਣਾ ਕਰਦਿਆਂ ਅਤੇ ਸੇਧਾਂ ਲਾਗੂ ਕਰਦਿਆਂ ਹੋਇਆਂ, ਕੰਪਨੀ ਦੇ ਇੱਕ ਸੁਤੰਤਰ ਤੀਜੀ ਧਿਰ ਦੇ ਮੁਲਾਂਕਣ ਸਬੰਧੀ ਪ੍ਰਬੰਧ ਰਾਹੀਂ ਕੰਪਨੀਆਂ ਨੂੰ ਜਵਾਬਦੇਹ ਠਹਿਰਾਇਆ ਜਾਂਦਾ ਹੈ। ਕੰਪਨੀਆਂ ਤੋਂ ਇਸ ਸਮੇਂ ਦੌਰਾਨ ਸੁਧਾਰ ਕਰਨ ਨਾਲ ਸਿਧਾਂਤਾਂ ਅਤੇ ਸੇਧਾਂ ਦਾ ਚੰਗੀ ਭਾਵਨਾ ਨਾਲ ਪ੍ਰਗਟਾਵਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

ਮੁਲਾਂਕਣ ਦਾ ਅਮਲ ਹਰ ਦੋ ਸਾਲ ਵਿੱਚ ਕੀਤਾ ਜਾਂਦਾ ਹੈ। ਮੁਲਾਂਕਣ ਦੀ ਕਾਰਜ-ਪ੍ਰਣਾਲੀ ਵਿੱਚ ਸੋਧ ਕਰਨ, ਮੁਲਾਂਕਣ ਸਬੰਧੀ ਟੂਲਕਿਟ ਤਿਆਰ ਕਰਨ ਅਤੇ ਮੈਂਬਰ ਕੰਪਨੀਆਂ ਦੀ ਵਧੀ ਹੋਈ ਤਦਾਦ ਲਈ ਵਿਉਂਤਬੰਦੀ ਸਬੰਧੀ ਮੁਲਾਂਕਣਾਂ ਦੇ ਅਮਲ ਕਰਕੇ 2015/16 ਅਤੇ 2018/19 ਵਿਚਕਾਰ ਮੁਲਾਂਕਣਾਂ ਵਿੱਚ ਦੇਰ ਹੋਈ ਸੀ।

## ਪਾੱਲਿਸੀ

ਅਸੀਂ ਪਾੱਲਿਸੀ ਸਬੰਧੀ ਤਰਜੀਹਾਂ ਬਾਰੇ ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਦੇ ਵਿਲੱਖਣ, ਬਹੁ-ਹਿਤਧਾਰਕ ਵਿਚਾਰ ਦਾ ਲਾਭ ਲੈਂਦੇ ਹਾਂ, ਜਿਹਨਾਂ ਨੂੰ ਸਾਡੇ ਮੈਂਬਰਾਂ ਨੇ ਪਛਾਣਿਆ ਹੈ, ਜਿਸ ਵਿੱਚ ਸਮਗ੍ਰੀ ਦੀ ਨੇਮਬੰਦੀ, ਨਿਗਰਾਨੀ ਅਤੇ ਨੈਟਵਰਕ ਵਿਚਲੇ ਵਿਘਨ ਸ਼ਾਮਿਲ ਹੁੰਦੇ ਹਨ। ਅਸੀਂ ਬਿਆਨ ਜਾਰੀ ਕਰਦੇ ਹਾਂ, ਸਬੰਧਿਤ ਨੇਮਬੰਦੀ ਬਾਰੇ ਤਜਵੀਜ਼ਾਂ 'ਤੇ ਟਿੱਪਣੀ ਕਰਦੇ ਹਾਂ, ਪਾੱਲਿਸੀ ਬਣਾਉਣ ਵਾਲਿਆਂ ਨੂੰ ਨਿਯੁਕਤ ਕਰਦੇ ਹਾਂ ਅਤੇ ਫ੍ਰੀਡਮ ਆੱਨਲਾਈਨ ਕੁਲਿਸ਼ਨ (Freedom Online Coalition) ਅਤੇ ਉਹਨਾਂ ਤਰਜੀਹਾਂ ਨੂੰ ਅੱਗੇ ਵਧਾਉਣ ਲਈ ਕ੍ਰਾਈਸਟਚਰਚ ਕਾੱਲ (Christchurch Call) ਵਰਗੀਆਂ ਆਲਮੀ ਪਹਿਲਕਦਮੀਆਂ ਵਿੱਚ ਹਿੱਸਾ ਲੈਂਦੇ ਹਾਂ।

## ਬਾਰੇ ਸਿਖਣਾ

ਗਲੋਬਲ ਨੈਟਵਰਕ ਇਨੀਸ਼ੀਏਟਿਵ (GNI) ਬਾਕਾਇਦਾ ਤੌਰ 'ਤੇ ਆਪਣੇ ਮੈਂਬਰਾਂ ਨੂੰ ਉਭਰ ਰਹੀਆਂ ਤਕਨਾਲੌਜੀਆਂ, ਜ਼ਿੰਮੇਵਾਰ ਕਾਰੋਬਾਰੀ ਵਿਹਾਰ ਅਤੇ ਵੰਗਾਰ ਵਾਲੀਆਂ ਸਥਿਤੀਆਂ ਬਾਰੇ ਸਾਰੇ ਗਾਹਕਾਂ ਨਾਲ ਆਪਣੀ ਮੁਹਾਰਤ ਸਾਂਝੀ ਕਰਨ ਅਤੇ ਗੁਪਤ ਤੌਰ 'ਤੇ ਸਿਖਣ ਲਈ ਮੈਂਬਰਾਂ ਨੂੰ ਮੌਕੇ ਮੁਹੱਈਆ ਕਰਦੀ ਹੈ।

---

ਗਲੋਬਲ ਨੈਟਵਰਕ ਇਨੀਸ਼ੀਏਟਿਵ (*GNI*) ਆਪਣੇ ਮਿਆਦੀ ਮੁਲਾਂਕਣ ਦਾ ਅਮਲ ਪੂਰਾ ਹੋਣ 'ਤੇ ਆਪਣੀਆਂ ਸਰਗਰਮੀਆਂ ਅਤੇ ਲੋਕਾਂ ਸਬੰਧੀ ਮੁਲਾਂਕਣ ਦੀ ਰਿਪੋਰਟ ਦੀ ਆਪਣੀ ਸਲਾਨਾ ਰਿਪੋਰਟ ਪ੍ਰਕਾਸ਼ਿਤ ਕਰਦੀ ਹੈ। ਗਲੋਬਲ ਨੈਟਵਰਕ ਇਨੀਸ਼ੀਏਟਿਵ (*GNI*) ਆਪਣੀ ਵੈਬਸਾਈਟ 'ਤੇ ਕਥਨ ਅਤੇ ਹੋਰ ਪ੍ਰਕਾਸ਼ਨ ਵੀ ਪੋਸਟ ਕਰਦੀ ਹੈ ਅਤੇ ਤਿਮਾਹੀ ਈਮੇਲ ਨਿਊਜ਼ਲੈਟਰ ਜਾਰੀ ਕਰਦੀ ਹੈ। ਤੁਸੀਂ ਗਲੋਬਲ ਨੈਟਵਰਕ ਇਨੀਸ਼ੀਏਟਿਵ (*GNI*) ਨੂੰ ***Facebook***, ***LinkedIn***, ਅਤੇ ***Twitter*** 'ਤੇ ਸੋਸ਼ਲ ਮੀਡੀਆ 'ਤੇ ਫ਼ੌਲੋ ਕਰ ਸਕਦੇ ਹੋ।

718 7th Street, NW, Suite 200 Washington, DC 20001

www.GlobalNetworkInitiative.org | info@GlobalNetworkInitiative.org

GLOBAL NETWORK INITIATIVE